BRITISH COLUMBIA HealthLinkBC

Punjabi – Number 90a
August 2024

# ਸਪੰਜੀ ਪਤੰਗੇ ਲਈ ਛਿੜਕਾਅ

## Spongy moth spraying

### ਸਪੰਜੀ ਪਤੰਗਾ ਕੀ ਹੈ?

ਸਪੰਜੀ ਪਤੰਗਾ (*ਲਿਮੈਂਟਰੀਆ ਡਿਸਪਾਰ*) ਇੱਕ ਹਮਲਾਵਰ ਕੀਟ ਹੈ ਜੋ ਸ਼ਹਿਰੀ ਜੰਗਲਾਂ ਅਤੇ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਫਲ ਉਤਪਾਦਕਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਹ 300 ਤੋਂ ਵੱਧ ਵੱਖ-ਵੱਖ ਰੁੱਖਾਂ ਅਤੇ ਝਾੜੀਆਂ 'ਤੇ ਹਮਲਾ ਕਰਦਾ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਨੂੰ ਪਹਿਲਾਂ ਜਿਪਸੀ ਪਤੰਗਾ ਕਿਹਾ ਜਾਂਦਾ ਸੀ। ਮੂਲ ਰੂਪ ਵਿੱਚ ਯੂਰਪ ਤੋਂ, ਇਹ 100 ਸਾਲਾਂ ਤੋਂ ਕੈਨੇਡਾ ਵਿੱਚ ਪਾਇਆ ਗਿਆ ਹੈ ਪਰ ਪੱਛਮੀ ਖੇਤਰਾਂ ਵਿੱਚ ਸਥਾਪਿਤ ਨਹੀਂ ਹੋਇਆ ਹੈ।

ਸਪੰਜੀ ਪਤੰਗੇ ਦੇ ਜੀਵਨ ਚੱਕਰ ਵਿੱਚ 4 ਸਪਸ਼ਟ ਪੜਾਅ ਹੁੰਦੇ ਹਨ: ਅੰਡੇ, ਲਾਰਵਾ ਜਾਂ ਕੈਟਰਪਿਲਰ, ਪਿਊਪਾ ਅਤੇ ਬਾਲਗ।



ਕੈਟਰਪਿਲਰ



ਬਾਲਗ ਮਾਦਾ (ਸਫੇਦ) ਅਤੇ ਨਰ

*ਫ਼ੋਟੋਆਂ ਕਨੇਡੀਅਨ ਫੌਰੈਸਟ ਸਰਵਿਸ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਹਨ*

ਬਾਲਗ ਮਾਦਾ ਸਪੰਜੀ ਪਤੰਗਾ ਅਗਸਤ ਅਤੇ ਸਤੰਬਰ ਦੇ ਵਿਚਕਾਰ ਵੱਡੇ ਸਮੂਹਾਂ ਵਿੱਚ ਅੰਡੇ ਦਿੰਦਾ ਹੈ। ਅੰਡਿਆਂ ਦੇ ਸਮੂਹਾਂ ਨੂੰ ਦਰਖਤਾਂ, ਲਾਅਨ ਫਰਨੀਚਰ ਅਤੇ ਇੱਥੋਂ ਤੱਕ ਕਿ ਵਾਹਨਾਂ ਦੇ ਹੇਠਲੇ ਹਿੱਸੇ ਸਮੇਤ ਕਈ ਵੱਖ-ਵੱਖ ਸਤਹਾਂ 'ਤੇ ਦਿੱਤਾ ਜਾ ਸਕਦਾ ਹੈ, ਜਿੱਥੇ ਚੀਜ਼ਾਂ ਨੂੰ ਹਿਲਾਏ ਜਾਣ 'ਤੇ ਉਨ੍ਹਾਂ ਨੂੰ ਅਣਜਾਣੇ ਵਿੱਚ ਲੰਬੀ ਦੂਰੀ 'ਤੇ ਲਿਜਾਇਆ ਜਾ ਸਕਦਾ ਹੈ।

### ਸਪੰਜੀ ਪਤੰਗਾ ਕਿੱਥੇ ਪਾਇਆ ਜਾਂਦਾ ਹੈ?

ਤੁਸੀਂ ਦੱਖਣੀ ਬੀ.ਸੀ. ਦੇ ਕਈ ਹਿੱਸਿਆਂ ਵਿੱਚ ਸਪੰਜੀ ਪਤੰਗਾ ਲੱਭ ਸਕਦੇ ਹੋ। ਇਹ ਪੂਰਬੀ ਕੈਨੇਡਾ, ਜਿਸ ਵਿੱਚ ਓਨਟੈਰੀਓ, ਕਿਊਬੇਕ, ਨਿਊ ਬਰੰਜ਼ਵਿਕ ਅਤੇ ਨੋਵਾ ਸਕੋਸ਼ੀਆ ਸ਼ਾਮਲ ਹਨ, ਵਿੱਚ ਸਥਾਪਿਤ ਹੈ।

### ਸਪੰਜੀ ਪਤੰਗਾ ਚਿੰਤਾ ਦਾ ਵਿਸ਼ਾ ਕਿਉਂ ਹੈ?

ਸਪੰਜੀ ਪਤੰਗੇ ਦੇ ਲਾਰਵੇ ਰੁੱਖਾਂ ਅਤੇ ਝਾੜੀਆਂ ਦੇ ਪੱਤੇ ਖਾ ਕੇ ਪੌਦਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਹ ਹੌਲੀ ਜਾਂ ਰੁਕੇ ਹੋਏ ਵਿਕਾਸ, ਤਣੇ ਦੇ ਵਿਕਾਰਾਂ ਜਾਂ ਪੌਦੇ ਦੀ ਮੌਤ ਵਰਗੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ।

ਬੀ.ਸੀ. ਵਿੱਚ, ਸਪੰਜੀ ਪਤੰਗਾ ਵੱਡੇ ਫਲ ਉਤਪਾਦਕਾਂ ਲਈ ਗੰਭੀਰ ਖਤਰਾ ਹੋ ਸਕਦਾ ਹੈ। ਇਹ ਫਲਾਂ ਦੇ ਬਹੁਤ ਸਾਰੇ ਦਰੱਖਤਾਂ ਦੇ ਪੱਤਿਆਂ ਦੇ ਨਾਲ-ਨਾਲ ਖਾਸ ਬੇਰੀਆਂ, ਜਿਵੇਂ ਕਿ ਬਲੂਬੇਰੀਆਂ ਨੂੰ ਖਾਂਦਾ ਹੈ। ਬੀ.ਸੀ. ਵਿੱਚ ਇੱਕ ਸਥਾਪਿਤ ਆਬਾਦੀ ਹੋਰ ਉਦਯੋਗਾਂ, ਜਿਵੇਂ ਕਿ ਖੇਤੀਬਾੜੀ, ਲੰਬਰ, ਅਤੇ ਪੌਦਿਆਂ ਦੀਆਂ ਨਰਸਰੀਆਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

ਵੱਡੇ ਪੈਮਾਨੇ ਦੇ ਸੰਕਰਮਣਾਂ ਦੇ ਦੌਰਾਨ ਹਵਾ ਵਿੱਚ ਫੈਲਣ ਵਾਲੇ ਸਪੰਜੀ ਪਤੰਗੇ ਦੇ ਵਾਲਾਂ, ਰੇਸ਼ਮੀ ਧਾਗਿਆਂ ਅਤੇ ਉਤਾਰੀ ਗਈ ਦੀ ਛਿੱਲ ਨਾਲ ਮਨੁੱਖੀ ਸੰਪਰਕ ਕਾਰਨ ਐਲਰਜਿਕ ਪ੍ਰਤੀਕ੍ਰਿਆਵਾਂ ਹੁੰਦੀਆਂ ਹਨ। ਲੱਛਣਾਂ ਦੇ ਉਦਾਹਰਨਾਂ ਵਿੱਚ ਚਮੜੀ ਦੇ ਧੱਫੜ ਅਤੇ ਸਾਹ ਦੀ ਉੱਪਰੀ ਨਾਲੀ ਦੇ ਸੰਭਾਵਿਤ ਲੱਛਣ ਸ਼ਾਮਲ ਹਨ।

### ਬੀ.ਸੀ. ਵਿੱਚ ਸਪੰਜੀ ਪਤੰਗੇ ਦੀ ਆਬਾਦੀ ਨੂੰ ਕਿਵੇਂ ਨਿਯੰਤਰਿਤ ਕੀਤਾ ਜਾਂਦਾ ਹੈ?

ਆਬਾਦੀ ਨੂੰ ਸਥਾਪਿਤ ਹੋਣ ਤੋਂ ਰੋਕਣ ਲਈ, ਬੀ.ਸੀ. ਵਿੱਚ ਟੀਚਾ "ਖਾਤਮਾ ਕਰਨਾ" (ਪੂਰੀ ਤਰ੍ਹਾਂ ਹਟਾਉਣਾ) ਹੈ। ਜਦੋਂ ਕਿ ਹਰ ਸਾਲ ਬੀ.ਸੀ. ਵਿੱਚ ਸਪੰਜੀ ਪਤੰਗੇ ਦੀ ਆਬਾਦੀ ਦਾ ਪਤਾ ਲਗਾਇਆ ਜਾਂਦਾ ਹੈ, ਖਾਤਮੇ ਦੇ ਸਫਲ ਯਤਨਾਂ ਕਾਰਨ ਕੀੜਾ ਸਥਾਈ ਤੌਰ 'ਤੇ ਸਥਾਪਤ ਨਹੀਂ ਹੋਇਆ ਹੈ।

ਸਪੰਜੀ ਪਤੰਗੇ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਖ਼ਤਮ ਕਰਨ ਲਈ ਬਹੁਤ ਸਾਰੇ ਤਰੀਕੇ ਵਰਤੇ ਜਾਂਦੇ ਹਨ। ਇਹਨਾਂ ਤਰੀਕਿਆਂ ਵਿੱਚ ਵਪਾਰਕ ਉਤਪਾਦ ਫੋਰੇ 48ਬੀ®ਦਾ ਜ਼ਮੀਨੀ ਅਤੇ ਹਵਾਈ ਛਿੜਕਾਅ ਸ਼ਾਮਲ ਹੈ।

### ਫੋਰੇ48ਬੀ® (Foray 48B®) ਕੀ ਹੈ?

ਫੋਰੇ 48ਬੀ® ਇੱਕ ਪਾਣੀ ਅਧਾਰਤ ਉਤਪਾਦ ਹੈ ਜਿਸ ਵਿੱਚ *ਬੈਸੀਲਸ ਥੁਰਿੰਗੀਏਨਸਿਸ* ਕਿਸਮ *ਕੁਰਸਟਾਕੀ* (ਬੀਟੀਕੇ) (*Bacillus thuringiensis* variety *kurstaki* (Btk)) ਨਾਮ ਦਾ ਇੱਕ ਬੈਕਟੀਰੀਆ ਹੁੰਦਾ ਹੈ। ਤੁਸੀਂ ਮਿੱਟੀ ਵਿੱਚ ਕੁਦਰਤੀ ਤੌਰ 'ਤੇ Btk ਪਾ ਸਕਦੇ ਹੋ ਅਤੇ ਇਹ ਪਤੰਗੇ ਅਤੇ ਤਿਤਲੀ ਦੇ ਲਾਰਵੇ ਨੂੰ ਸਿਰਫ਼ ਤਾਂ ਹੀ ਪ੍ਰਭਾਵਿਤ ਕਰਦਾ ਹੈ ਜਦੋਂ ਉਹ ਇਸਦਾ ਸੇਵਨ ਕਰਦੇ ਹਨ। ਫੋਰੇ 48ਬੀ®ਵਿੱਚ ਕੁਝ ਅਕਿਰਿਆਸ਼ੀਲ ਤੱਤ ਵੀ ਸ਼ਾਮਲ ਹਨ ਜੋ Btk ਦੀ ਕਾਰਗੁਜ਼ਾਰੀ ਨੂੰ ਸੁਧਾਰਦੇ ਹਨ। ਇਹਨਾਂ ਵਿੱਚੋਂ ਬਹੁਤ ਸਾਰੀਆਂ ਸਮੱਗਰੀਆਂ ਪ੍ਰਵਾਨਿਤ ਫੂਡ-ਗਰੇਡ ਐਡਿਟਿਵ ਹਨ। ਕੋਈ ਵੀ ਪੈਟਰੋਲੀਅਮ ਪਦਾਰਥਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ।

ਫੋਰੇ 48ਬੀ® ਲੋਕਾਂ, ਕੁੱਤਿਆਂ, ਬਿੱਲੀਆਂ, ਮੱਛੀਆਂ, ਪੰਛੀਆਂ, ਰੀਂਗਣ ਵਾਲੇ ਜਾਨਵਰਾਂ, ਜਾਂ ਗੈਰ-ਨਿਸ਼ਾਨਾ ਕੀੜਿਆਂ ਜਿਵੇਂ ਕਿ ਸ਼ਹਿਦ ਦੀਆਂ ਮੱਖੀਆਂ ਅਤੇ ਬੀਟਲਾਂ, ਜਾਂ ਮੱਕੜੀਆਂ ਲਈ ਜ਼ਹਿਰੀਲਾ ਜਾਂ ਨੁਕਸਾਨਦੇਹ ਨਹੀਂ ਹੈ। ਕੈਨੇਡਾ ਨੇ ਲਗਭਗ 40 ਸਾਲਾਂ ਤੋਂ Btk ਵਾਲੇ ਕੀੜਿਆਂ ਨੂੰ ਨਿਯੰਤ੍ਰਿਤ ਕਰਨ ਵਾਲੇ ਉਤਪਾਦਾਂ ਦੀ ਵਰਤੋਂ ਰਜਿਸਟਰ ਕੀਤੀ ਹੈ। ਇਹ ਦੁਨੀਆ ਵਿੱਚ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਕੀੜਿਆਂ ਨੂੰ ਨਿਯੰਤ੍ਰਿਤ ਕਰਨ ਵਾਲਾ ਉਤਪਾਦ ਹੈ ਅਤੇ ਪ੍ਰਮਾਣਿਤ ਜੈਵਿਕ ਫਾਰਮਾਂ ਵਿੱਚ ਵਰਤਿਆ ਜਾ ਸਕਦਾ ਹੈ।

## ਹਵਾਈ ਛਿੜਕਾਅ ਦੇ ਦੌਰਾਨ ਕੀ ਹੁੰਦਾ ਹੈ?

ਸਪੰਜੀ ਪਤੰਗਿਆਂ ਲਈ ਫੋਰੇ 48ਬੀO ਦਾ ਹਵਾਈ ਛਿੜਕਾਅ ਅਪ੍ਰੈਲ ਅਤੇ ਜੁਲਾਈ ਦੇ ਵਿਚਕਾਰ ਪੂਰਾ ਕੀਤਾ ਜਾਂਦਾ ਹੈ। ਸਵੇਰੇ 5:00 ਵਜੇ ਤੋਂ ਸਵੇਰੇ 7:30 ਵਜੇ ਦੇ ਵਿਚਕਾਰ ਹਰ 7 ਤੋਂ 10 ਦਿਨਾਂ ਵਿੱਚ 3 ਵੱਖਰੀਆਂ ਐਪਲੀਕੇਸ਼ਨਾਂ ਕੀਤੀਆਂ ਜਾਂਦੀਆਂ ਹਨ। ਵੱਖਰੀਆਂ ਐਪਲੀਕੇਸ਼ਨਾਂ ਸਪੰਜੀ ਪਤੰਗੇ ਦੇ ਲਾਰਵਾ ਵਾਲੇ ਪੜਾਅ ਨੂੰ ਨਿਸ਼ਾਨਾ ਬਣਾਉਂਦੀਆਂ ਹਨ ਜਿਵੇਂ ਉਹ ਨਿਕਲਦੇ ਹਨ। ਹਵਾਈ ਜਹਾਜ਼, ਮੌਸਮ ਅਤੇ ਖੇਤਰ ਦੇ ਆਕਾਰ ਦੇ ਆਧਾਰ 'ਤੇ ਇਲਾਜ ਦੇ ਕਾਰਜਕ੍ਰਮ ਅਤੇ ਮਿਆਦ ਬਦਲ ਸਕਦੇ ਹਨ।

ਛਿੜਕਾਅ ਨੂੰ GPS ਨੈਵੀਗੇਸ਼ਨ ਦੁਆਰਾ ਧਿਆਨ ਨਾਲ ਨਿਯੰਤਰਿਤ ਕੀਤਾ ਜਾਂਦਾ ਹੈ ਅਤੇ ਇਹ ਸਿਰਫ ਧਿਆਨ ਨਾਲ ਨਿਰਧਾਰਤ ਕੀਤੇ ਗਏ ਟ੍ਰੀਟਮੈਂਟ ਖੇਤਰਾਂ ਵਿੱਚ ਹੁੰਦਾ ਹੈ। ਹਵਾਈ ਜਹਾਜ਼ ਟ੍ਰੀਟਮੈਂਟ ਖੇਤਰ ਤੋਂ ਬਾਹਰ ਮੋੜ ਲੈ ਸਕਦਾ ਹੈ, ਜਿਸ ਨਾਲ ਖੇਤਰ ਦਾ ਆਕਾਰ ਉਹ ਜਿੰਨਾਂ ਹੈ ਉਸ ਤੋਂ ਵੱਡਾ ਪ੍ਰਤੀਤ ਹੋ ਸਕਦਾ ਹੈ; ਹਾਲਾਂਕਿ, ਨਿਰਧਾਰਤ ਟ੍ਰੀਟਮੈਂਟ ਖੇਤਰ ਤੋਂ ਬਾਹਰ ਕੋਈ ਛਿੜਕਾਅ ਨਹੀਂ ਹੁੰਦਾ ਹੈ।

ਸੰਭਵ ਹੈ ਕਿ ਟ੍ਰੀਟਮੈਂਟ ਤੋਂ ਬਾਅਦ ਤੁਸੀਂ ਪੁਰਾਣੀ ਮਿੱਟੀ ਵਰਗੀ ਗੰਧ ਸੁੰਘੋ ਅਤੇ ਸਖ਼ਤ ਸਤਹਾਂ ਅਤੇ ਖਿੜਕੀਆਂ 'ਤੇ ਛਿੜਕਾਅ ਦੀਆਂ ਬੂੰਦਾਂ ਦੇਖੋ। ਤੁਸੀਂ ਪਾਣੀ ਅਤੇ ਥੋੜ੍ਹੇ ਜਿਹੇ ਰਗੜਨ ਨਾਲ ਬੂੰਦਾਂ ਨੂੰ ਹਟਾ ਸਕਦੇ ਹੋ, ਪਰ ਆਖਰਕਾਰ ਉਹ ਆਪਣੇ ਆਪ ਗਾਇਬ ਹੋ ਜਾਣਗੀਆਂ।

ਨਿਵਾਸੀ ਜਨਵਰੀ ਵਿੱਚ ਅਤੇ ਫਿਰ ਮਾਰਚ ਜਾਂ ਅਪ੍ਰੈਲ ਦੇ ਸ਼ੁਰੂ ਵਿੱਚ ਪੋਸਟਕਾਰਡਾਂ, ਅਖਬਾਰਾਂ ਦੇ ਲੇਖਾਂ ਅਤੇ ਮੀਡੀਆ ਜਾਣਕਾਰੀ ਬੁਲੇਟਿਨਾਂ ਰਾਹੀਂ ਟ੍ਰੀਟਮੈਂਟ ਦੀ ਜਾਣਕਾਰੀ ਪ੍ਰਾਪਤ ਕਰਦੇ ਹਨ। ਛਿੜਕਾਅ ਸ਼ੁਰੂ ਹੋਣ ਤੋਂ ਘੱਟੋ-ਘੱਟ 48 ਘੰਟੇ ਪਹਿਲਾਂ ਟ੍ਰੀਟਮੈਂਟ ਦੇ ਸਾਰੇ ਖੇਤਰਾਂ ਦੇ ਆਲੇ-ਦੁਆਲੇ ਸਾਇਨ ਪੋਸਟ ਕੀਤੇ ਜਾਂਦੇ ਹਨ, ਅਤੇ ਦੂਜੇ ਅਤੇ ਤੀਜੇ ਸਪਰੇਅ ਤੋਂ ਘੱਟੋ-ਘੱਟ 24 ਘੰਟੇ ਪਹਿਲਾਂ ਸਾਇਨ ਅੱਪਡੇਟ ਕੀਤੇ ਜਾਂਦੇ ਹਨ। ਸਥਾਨਕ ਮੀਡੀਆ, ਸਪੰਜੀ ਮੌਥ ਹੌਟਲਾਈਨ, ਵੈੱਬਸਾਈਟਾਂ ਅਤੇ ਈਮੇਲ ਸੂਚੀਆਂ ਵੀ ਇਸ ਜਾਣਕਾਰੀ ਨੂੰ ਸੰਚਾਰਿਤ ਕਰਦੀਆਂ ਹਨ। ਪ੍ਰਭਾਵਿਤ ਖੇਤਰ ਵਿਚਲੇ ਸਾਰੇ ਸਕੂਲਾਂ, ਡੇ-ਕੇਅਰਾਂ, ਕੇਅਰ ਹੋਮਾਂ ਅਤੇ ਹਸਪਤਾਲਾਂ ਨੂੰ ਸਮੇਂ ਦੀ ਉਸੀ ਅਵਧੀ ਦੇ ਅੰਦਰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਂਦਾ ਹੈ। ਨਵੀਨਤਮ ਜਾਣਕਾਰੀ ਲਈ, ਜੰਗਲਾਤ ਮੰਤਰਾਲੇ ਦੀ ਵੈੱਬਸਾਈਟ 'ਤੇ ਜਾਓ: www.gov.bc.ca/spongymoth।

## ਕੀ ਕੋਈ ਸਿਹਤ ਸੰਬੰਧੀ ਚਿੰਤਾਵਾਂ ਹਨ?

ਹੈਲਥ ਕੈਨੇਡਾ ਦੀ ਪੈਸਟ ਮੈਨੇਜਮੈਂਟ ਰੈਗੂਲੇਟਰੀ ਏਜੰਸੀ ਸੰਭਾਵੀ ਸਿਹਤ ਪ੍ਰਭਾਵਾਂ ਅਤੇ ਐਲਰਜਿਕ-ਕਿਸਮ ਦੀਆਂ ਪ੍ਰਤੀਕ੍ਰਿਆਵਾਂ ਲਈ ਫੋਰੇ48ਬੀOਦੀਆਂ ਸਾਰੀਆਂ ਫਾਰਮੂਲੇਸ਼ਨਾਂ ਦਾ ਮੁਲਾਂਕਣ ਕਰਦੀ ਹੈ। ਨਤੀਜੇ ਸਿਹਤ ਸੰਭਾਲ ਪ੍ਰਦਾਤਾਵਾਂ ਦੁਆਰਾ ਰਿਪੋਰਟ ਕੀਤੀਆਂ ਮਾੜੀਆਂ ਬਿਮਾਰੀਆਂ ਵਿੱਚ ਕੋਈ ਵਾਧਾ ਨਹੀਂ ਦਿਖਾਉਂਦੇ ਹਨ। ਜੇਕਰ ਤੁਸੀਂ ਚਿੰਤਤ ਮਹਿਸੂਸ ਕਰਦੇ ਹੋ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

ਜੇਕਰ ਤੁਸੀਂ ਸਪਰੇਅ ਦੇ ਸੰਪਰਕ ਤੋਂ ਬਚਣਾ ਚਾਹੁੰਦੇ ਹੋ, ਤਾਂ ਹਵਾਈ ਛਿੜਕਾਅ ਸ਼ੁਰੂ ਹੋਣ ਤੋਂ ਪਹਿਲਾਂ ਸ਼ਾਮ ਨੂੰ ਆਪਣੀਆਂ ਖਿੜਕੀਆਂ ਬੰਦ ਕਰੋ ਅਤੇ ਜਦੋਂ ਤੁਹਾਡੀ ਪ੍ਰਾਪਰਟੀ ਅਤੇ ਨੇੜਲੇ ਖੇਤਰਾਂ ਵਿੱਚ ਛਿੜਕਾਅ ਕੀਤਾ ਜਾ ਰਿਹਾ ਹੋਵੇ ਤਾਂ ਘਰ ਦੇ ਅੰਦਰ ਹੀ ਰਹੋ। ਬਾਹਰ ਜਾਣ ਤੋਂ ਪਹਿਲਾਂ, ਤੁਹਾਨੂੰ ਉਦੋਂ ਤੱਕ ਇੰਤਜ਼ਾਰ ਕਰਨਾ ਚਾਹੀਦਾ ਹੈ ਜਦੋਂ ਤੱਕ ਸਪਰੇਅ ਹਵਾ ਤੋਂ ਸਾਫ਼ ਨਹੀਂ ਹੋ ਜਾਂਦਾ, ਆਮ ਤੌਰ 'ਤੇ ਲਗਭਗ 1 ਘੰਟੇ ਬਾਅਦ।

## ਹੋਰ ਜਾਣਕਾਰੀ ਲਈ

- ਸਪੰਜੀ ਮੌਥ ਨਿਊਜ਼ ਵੈੱਬਪੇਜ 'ਤੇ ਸਪੰਜੀ ਮੌਥ ਈਮੇਲ ਸਬਸਕ੍ਰਿਪਸ਼ਨ ਸੇਵਾ ਲਈ ਸਾਈਨ ਅੱਪ ਕਰੋ: www.gov.bc.ca/spongymoth-news
- ਸਪੰਜੀ ਮੌਥ 24-ਘੰਟੇ ਜਾਣਕਾਰੀ ਲਾਈਨ ਨੂੰ ਕਾਲ ਕਰੋ: 1-866-917-5999
- ਆਈਲੈਂਡ ਹੈਲਥ ਵੀਡੀਓ: "ਸਪੰਜੀ ਮੌਥ ਏਰੀਅਲ ਸਪਰੇਅ: ਕੀ ਇਹ ਸੁਰੱਖਿਅਤ ਹੈ?" www.youtube.com/watch?v=FzTSmsxkJtc